**ਗੂਜਰੀ ਘਰੁ ੩ ॥ ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥ ੧॥ ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥ ੧॥ ਰਹਾਉ ॥ ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥ ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥ ਕਹਤ ਕਬੀਰ ਸੁਨਹੁ ਮੇਰੀ ਮਾਈ ॥ ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥੪॥੨॥** {ਪੰਨਾ 524}

ਪਦਅਰਥ:- ਮੁਸਿ ਮੁਸਿ—ਡੁਸਕ ਡੁਸਕ ਕੇ। ਮਾਈ—ਮਾਂ। ਬਾਰਿਕ—ਅੰਞਾਣੇ ਬਾਲ। ਰਘੁਰਾਈ—ਹੇ ਪ੍ਰਭੂ!।1।

ਤਜਿਓ ਹੈ—ਛੱਡ ਦਿੱਤਾ ਹੈ। ਲਿਖਿ ਲੀਓ ਸਰੀਰ—ਸਰੀਰ ਉੱਤੇ ਲਿਖ ਲਿਆ ਹੈ, ਜੀਭ ਤੇ ਪ੍ਰੋ ਲਿਆ ਹੈ, ਹਰ ਵੇਲੇ ਉਚਾਰਦਾ ਰਹਿੰਦਾ ਹੈ।1। ਰਹਾਉ।

ਬੇਹੀ—{ਸੰ: ਵੇਧ; ਪ੍ਰ: ਬੇਹ} ਛੇਕ, ਨਾਲ ਦਾ ਛੇਕ। ਬਹਾਉ—ਵਹਾਉਂਦਾ ਹਾਂ। ਸਨੇਹੀ—ਪਿਆਰਾ।2।

ਓਛੀ—ਹੋਛੀ, ਹੌਲੀ। ਲਾਹਾ—ਲਾਭ।3।

ਰਘੁਰਾਈ—ਪਰਮਾਤਮਾ।4।

ਅਰਥ:- ਕਬੀਰ ਦੀ ਮਾਂ (ਕਬੀਰ ਆਖਦਾ ਹੈ ਕਿ ਮੇਰੀ ਮਾਂ) ਡੁਸਕ ਡੁਸਕ ਕੇ ਰੋਂਦੀ ਹੈ (ਤੇ ਆਖਦੀ ਹੈ—) ਹੇ ਪਰਮਾਤਮਾ! (ਕਬੀਰ ਦੇ) ਇਹ ਅੰਞਾਣੇ ਬਾਲ ਕਿਵੇਂ ਜੀਊਣਗੇ?।1।

(ਕਿਉਂਕਿ ਮੇਰੇ) ਕਬੀਰ ਨੇ (ਤਾਣਾ) ਤਣਨਾ ਤੇ (ਕੱਪੜਾ) ਉਣਨਾ ਸਭ ਕੁੱਝ ਛੱਡ ਦਿੱਤਾ ਹੈ, ਹਰ ਵੇਲੇ ਹਰੀ ਦਾ ਨਾਮ ਜਪਦਾ ਰਹਿੰਦਾ ਹੈ।1। ਰਹਾਉ।

ਜਿਤਨਾ ਚਿਰ ਮੈਂ ਨਾਲ ਦੇ ਛੇਕ ਵਿਚ ਧਾਗਾ ਵਹਾਉਂਦਾ ਹਾਂ; ਉਤਨਾ ਚਿਰ ਮੈਨੂੰ ਮੇਰਾ ਪਿਆਰਾ ਪ੍ਰਭੂ ਵਿਸਰ ਜਾਂਦਾ ਹੈ (ਭਾਵ, ਮੈਨੂੰ ਇਤਨਾ ਚਿਰ ਭੀ ਪ੍ਰਭੂ ਵਿਸਾਰਨਾ ਨਹੀਂ ਭਾਉਂਦਾ)।2।

(ਕੀਹ ਹੋਇਆ ਜੇ ਲੋਕਾਂ ਦੇ ਭਾਣੇ) ਮੇਰੀ ਛੋਟੀ ਜਿਹੀ ਅਕਲ ਹੈ ਤੇ ਮੈਂ ਜਾਤ ਦਾ (ਨੀਵਾਂ ਗ਼ਰੀਬ) ਜੁਲਾਹਾ ਹਾਂ, ਪਰ ਮੈਂ ਪਰਮਾਤਮਾ ਦਾ ਨਾਮ-ਰੂਪ ਨਫ਼ਾ (ਇਸ ਮਨੁੱਖਾ-ਜਨਮ ਦੇ ਵਪਾਰ ਵਿਚ) ਖੱਟ ਲਿਆ ਹੈ (ਸੋ ਮੈਂ ਮੂਰਖ ਤੇ ਨੀਵੀਂ ਜਾਤ ਦਾ ਨਹੀਂ ਰਹਿ ਗਿਆ)।3।

ਕਬੀਰ ਆਖਦਾ ਹੈ—ਹੇ ਮੇਰੀ ਮਾਂ! ਸੁਣ, ਸਾਡਾ ਤੇ ਸਾਡੇ ਇਹਨਾਂ ਬੱਚਿਆਂ ਦਾ ਰਿਜ਼ਕ ਦੇਣ ਵਾਲਾ ਇਕੋ ਹੀ ਪਰਮਾਤਮਾ ਹੈ (ਭਾਵ, ਜੇ ਉਸ ਨੇ ਮੈਨੂੰ ਪਾਲਿਆ ਹੈ, ਤਾਂ ਇਹਨਾਂ ਨੂੰ ਭੀ ਜ਼ਰੂਰ ਪਾਲੇਗਾ)।4।2।

ਨੋਟ:- ਕਬੀਰ ਜੀ ਦੀ ਇਸ ਹੱਡ-ਬੀਤੀ ਤੋਂ ਭਾਵ ਇਹ ਨਿਕਲਦਾ ਹੈ ਕਿ 'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ'। ਦੁਨੀਆਦਾਰ ਇਕ ਤਾਂ ਹਰ ਵੇਲੇ ਮਾਇਆ ਕਮਾਣ ਵਿਚ ਲੱਗੇ ਰਹਿਣਾ ਚਾਹੁੰਦਾ ਹੈ; ਦੂਜੇ, ਕਮਾਈ ਹੋਈ ਨੂੰ ਸਿਰਫ਼ ਆਪਣੇ ਹੀ ਲਈ ਖ਼ਰਚਣਾ ਚਾਹੁੰਦਾ ਹੈ। ਭਗਤ ਆਪਣੀ ਗੁਜ਼ਰਾਨ ਲਈ ਕਮਾਉਂਦਾ ਤਾਂ ਹੈ, ਪਰ ਮਾਇਆ ਜੋੜਨੀ ਹੀ ਉਸ ਦੇ ਜੀਵਨ ਦਾ ਨਿਸ਼ਾਨਾ ਨਹੀਂ ਹੁੰਦਾ, ਉਸ ਦਾ ਅਸਲ ਨਿਸ਼ਾਨਾ ਹੈ 'ਪ੍ਰਭੂ ਦੀ ਯਾਦ' ਫਿਰ, ਉਹ ਆਪਣੀ ਕਮਾਈ ਵਿਚੋਂ ਦੂਜਿਆਂ ਦੀ ਸੇਵਾ ਭੀ ਕਰਦਾ ਹੈ। ਭਗਤ ਦਾ ਇਹ ਰਵੱਈਆ ਉਸ ਦੇ ਮਾਂ ਪਿਉ ਵਹੁਟੀ ਤੇ ਹੋਰ ਸੰਬੰਧੀਆਂ ਨੂੰ ਨਹੀਂ ਭਾਉਂਦਾ। ਇਸ ਕਰ ਕੇ ਖੱਟਦਾ ਕਮਾਉਂਦਾ ਭੀ ਉਹ ਇਹਨਾਂ ਨੂੰ ਵੇਹਲੜ ਜਾਪਦਾ ਹੈ, ਪਰਮਾਤਮਾ ਦੇ ਰਾਹ ਵਲ ਦੀ ਉਸ ਦੀ ਹਰੇਕ ਹਰਕਤ ਉਹਨਾਂ ਨੂੰ ਚੁੱਭਦੀ ਹੈ। ਬਿਲਾਵਲ ਤੇ ਗੋਂਡ ਰਾਗ ਵਿਚ ਭੀ ਕਬੀਰ ਜੀ ਦੇ ਦੋ ਸ਼ਬਦ ਹਨ, ਜਿਨ੍ਹਾਂ ਤੋਂ ਜ਼ਾਹਰ ਹੁੰਦਾ ਹੈ ਕਿ ਕਬੀਰ ਜੀ ਦੀ ਵਹੁਟੀ ਭੀ ਇਸ ਗੱਲੇ ਗਿਲੇ ਕਰਦੀ ਸੀ।

ਨੋਟ:- ਆਪਣੀ ਮਾਂ ਦੇ ਗਿਲੇ-ਗੁਜ਼ਾਰੀਆਂ ਕਬੀਰ ਜੀ ਨੇ ਇਸ ਸ਼ਬਦ ਵਿਚ ਬਿਆਨ ਕੀਤੇ ਹਨ ਤੇ ਫਿਰ ਉਹਨਾਂ ਦਾ

ਉੱਤਰ ਭੀ ਦਿੱਤਾ ਹੈ। ਇਹ ਖ਼ਿਆਲ ਗ਼ਲਤ ਹੈ ਕਿ ਇਸ ਸ਼ਬਦ ਵਿਚ ਕੋਈ ਤੁਕਾਂ ਕਬੀਰ ਜੀ ਦੀ ਮਾਂ ਦੀਆਂ ਉਚਾਰੀਆਂ ਹੋਈਆਂ ਹਨ। ਮਹਾਂ ਪੁਰਖਾਂ ਦੀ ਇਸ ਬਾਣੀ ਵਿਚ ਦੁਨੀਆਦਾਰਾਂ ਦੇ ਕੱਚੇ ਲਫ਼ਜ਼ ਸ਼ਾਮਲ ਨਹੀਂ ਹੋ ਸਕਦੇ।

ਸ਼ਬਦ ਦਾ ਭਾਵ:- ਭਗਤ ਤੇ ਦੁਨੀਆਦਾਰ ਦੀ ਜ਼ਿੰਦਗੀ ਦਾ ਨਿਸ਼ਾਨਾ ਵੱਖ-ਵੱਖ ਹੈ। ਭਗਤ ਦਾ ਅਸਲ ਨਿਸ਼ਾਨਾ ਹੈ ਸਿਮਰਨ; ਕਮਾਂਦਾ ਹੈ ਉਹ ਗੁਜ਼ਰਾਨ ਲਈ। ਦੁਨੀਆਦਾਰ ਦਾ ਨਿਸ਼ਾਨਾ ਹੈ ਹਰ ਵੇਲੇ ਮਾਇਆ ਕਮਾਣੀ ਤੇ ਜੋੜੀ ਜਾਣੀ।